# ਦਫਤਰ ਜਿਲ੍ਹਾ ਮੈਜਿਸਟਰੇਟ, ਅਮ੍ਰਿਤਸਰ।

(ਕੋਵਿਡ-19 ਕੰਟਰੋਲ ਰੂਮ)

ਹੁਕਮ

ਵਿਸ਼ਾ:- **Regarding providing a suitable building/accommodation for setting up of quarantine centre.**

======

ਸ੍ਰੀ ਪ੍ਰਦੀਪ ਸਿੰਘ ਨੇਗੀ, Second-in-Command, office of the Commandant, 52 Bn, ITB Police Force, MHA/Govt. of India, PO Partap Nagar, G.T. Road, New Amritsar ਵੱਲੋਂ ਪੱਤਰ ਨੰਬਰ ITBP/52BN/PA/MISC/2020-255-56 ਮਿਤੀ 09.07.2020 ਰਾਹੀਂ ਇਸ ਦਫਤਰ ਨੂੰ ਲਿਖਿਆ ਗਿਆ ਹੈ ਕਿ ਤਬਦਾਲਿਆਂ ਦੇ ਚਲਦੇ ਉਨ੍ਹਾਂ ਦੇ ਲਗਭਗ 750 ਜਵਾਨ ਅਗਲੇ ਹਫਤੇ ਜਿਲ੍ਹਾ ਅੰਮ੍ਰਿਤਸਰ ਆ ਰਹੇ ਹਨ, ਉਹਨਾਂ ਦੇ ਰਹਿਣ ਲਈ ਸੰਤ ਨਿਰੰਕਾਰੀ ਸਤਸੰਗ ਭਵਨ, ਨੇੜੇ ਜਲੰਧਰ ਬਾਈਪਾਸ, ਵੱਲ੍ਹਾ ਰੋਡ, ਅੰਮ੍ਰਿਤਸਰ ਵਿਖੇ ਕੋਵਿਡ-19 ਦੀ ਰੋਕਥਾਮ ਨਾਲ ਸਬੰਧਤ ਲੋੜੀਂਦੇ ਪ੍ਰਬੰਧ ਕਰਕੇ ਅਸਥਾਈ ਕੌਰਨਟਾਈਨ ਸੈਂਟਰ ਬਣਾਇਆ ਜਾਵੇ ਕਿਉਂਕਿ ਇਹਨਾਂ ਜਵਾਨਾਂ ਨਾਲ ਉਹਨਾਂ ਦੇ ਪਰਿਵਾਰਕ ਮੈਂਬਰ ਵੀ ਹੋਣਗੇ।

ਇਸ ਲਈ ਉਪਰੋਕਤ ਨੂੰ ਮੁੱਖ ਰੱਖਦੇ ਹੋਏ ਸੰਤ ਨਿਰੰਕਾਰੀ ਸਤਸੰਗ ਭਵਨ, ਨੇੜੇ ਜਲੰਧਰ ਬਾਈਪਾਸ, ਵੱਲ੍ਹਾ ਰੋਡ, ਅੰਮ੍ਰਿਤਸਰ ਨੂੰ 52 Bn, ITBP Force ਦੇ ਤਬਦਾਲੇ ਉਪਰੰਤ ਜਿਲ੍ਹਾ ਅੰਮ੍ਰਿਤਸਰ ਵਿੱਚ ਆ ਰਹੇ 750 ਜਵਾਨਾਂ ਲਈ ਉਹਨਾਂ ਦੇ ਆਪਣੇ ਖਰਚੇ ਤੇ ਸਤਸੰਗ ਭਵਨ ਵਿੱਚ ਜਗ੍ਹਾ ਉਪਲੱਬਧ ਹੋਣ ਦੀ ਸੂਰਤ ਵਿੱਚ ਅਸਥਾਈ ਕੌਰਨਟਾਈਨ ਸੈਂਟਰ ਘੋਸ਼ਿਤ ਕੀਤਾ ਜਾਂਦਾ ਹੈ।

ਇਹ ਹੁਕਮ ਤਰੁੰਤ ਲਾਗੂ ਹੋਣਗੇ।

ਸਹੀ/-
ਵਾ: ਜ਼ਿਲਾ ਮੈਜਿਸਟਰੇਟ,
ਅੰਮ੍ਰਿਤਸਰ।

ਪਿੰਠਅੰਕਣ ਨੰ: ਕੋਵਿਡ-19/2903-07 ਮਿਤੀ 18/7/2020

ਇਸਦਾ ਇਕ ਉਤਾਰਾ:-

1. ਸ੍ਰੀ ਪ੍ਰਦੀਪ ਸਿੰਘ ਨੇਗੀ, Second-in-Command, office of the Commandant, 52 Bn, ITB Police Force, MHA/Govt. of India, PO Partap Nagar, G.T. Road, New Amritsar ਨੂੰ ਉਹਨਾਂ ਦੇ ਦਫਤਰ ਦੇ ਪੱਤਰ ਨੰਬਰ ITBP/52BN/PA/MISC/2020-255-56 ਮਿਤੀ 09.07.2020 ਦੇ ਹਵਾਲੇ ਵਿੱਚ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਕਤ ਸਤਸੰਗ ਭਵਨ ਦੇ ਇੰਚਾਰਜ ਸ੍ਰੀ ਸੁਖਦੇਵ ਸਿੰਘ ਨਿਰੰਕਾਰੀ (92166-53200) ਨਾਲ ਤਾਲਮੇਲ ਕਰਨ ਦੀ ਖੇਚਲ ਕੀਤੀ ਜਾਵੇ।
2. ਕਮਿਸ਼ਨਰ, ਨਗਰ ਨਿਗਮ, ਅੰਮ੍ਰਿਤਸਰ (ਸ਼ਹਿਰ) ਜੀ ਦੀ ਸੇਵਾ ਵਿੱਚ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ,
3. ਸਿਵਲ ਸਰਜਨ, ਅੰਮ੍ਰਿਤਸਰ ਨੂੰ ਸੂਚਨਾ ਹਿੱਤ,
4. ਸ੍ਰੀ ਸੁਖਦੇਵ ਸਿੰਘ ਨਿਰੰਕਾਰੀ (92166-53200) ਇੰਚਾਰਜ ਸੰਤ ਨਿਰੰਕਾਰੀ ਸਤਸੰਗ ਭਵਨ, ਨੇੜੇ ਜਲੰਧਰ ਬਾਈਪਾਸ, ਵੱਲ੍ਹਾ ਰੋਡ, ਅੰਮ੍ਰਿਤਸਰ ਨੂੰ ਸੂਚਨਾ ਅਤੇ ਯੋਗ ਪ੍ਰਬੰਧ ਕਰਨ ਹਿੱਤ,
5. ਪੀ.ਏ. ਟੂ ਡਿਪਟੀ ਕਮਿਸ਼ਨਰ, ਅੰਮ੍ਰਿਤਸਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਾ: ਜ਼ਿਲਾ ਮੈਜਿਸਟਰੇਟ,
ਅੰਮ੍ਰਿਤਸਰ।

Scanned with CamScanner